# ਗੁਰਦਵਾਰਾ ਸਾਹਿਬ ਆਫ ਸਾਉਥਵੈਸਟ ਹਉਸਟਨ ਲੰਗਰ ਗਾਈਡਲਾਈਨਜ਼

**01/29/16**

**ਸ਼ੁਕਰਵਾਰ ਸੰਗਤ: 100**
**ਐਤਵਾਰ ਸੰਗਤ: 450(ਪਰਸਨਲ ਕਾਲਾਂ ਕਰਨ ਨਾਲ ਨੰਬਰ ਵਧ ਸਕਦਾ ਹੈ)**
**ਗੁਰਪੁਰਬ ਸੰਗਤ: 500-600**
**ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਲੰਗਰ ਦੀ ਮਰਯਾਦਾ ਪ੍ਰਬੰਦਕ ਕਮੇਟੀ ਦੇ ਰੂਲਜ਼ ਨਾਲ ਨਿਭਾਈ ਜਾਵੇ ਜੀ!**

---

## ਸ਼ਨੀਚਰਵਾਰ

- ਪਰਸ਼ਾਦ ਦੀ ਸਾਮਗ੍ਰੀ ਸ਼ਨੀਚਰਵਾਰ ਡਲਿਵਰ ਕਰੋ ਜੀ:8 ਪੌਂਡ ਮਖਨ, 8 ਪੌਂਡ ਚੀਨੀ ਅਤੇ 8 ਪੌਂਡ ਗੋਲਡਨ ਟੈਮਪਲ ਆਟਾ
- ਲੰਗਰ ਦਾ ਸਾਰਾ ਸਮਾਨ ਖਰੀਦ ਕੇ ਇਸ ਦਿਨ ਤਕ ਡਲਿਵਰ ਕਰੋ ।
- ਸਬਜੀਆਂ, ਪਿਆਜ, ਅਦਰਕ, ਲਸੰਨ ਕਟ ਕੇ ਤੜਕੇ ਤਿਆਰ ਕਰ ਲਵੋ ।
- ਦਹੀ ਵੀ ਜਮਾ ਲਵੋ ।
- ਜੇਕਰ ਪਨੀਰ ਬਣਾਨਾ ਹੈ ਤਾਂ ਪਨੀਰ ਵੀ ਸ਼ਨੀਚਰਵਾਰ ਹੀ ਬਨਾ ਲਵੋ ।
- ਜੇਕਰ ਖੀਰ ਬਣਾਨੀ ਹੈ ਤਾਂ ਖੀਰ ਵੀ ਬਨਾ ਲਵੋ

## ਐਤਵਾਰ

- ਚਾਹ ਸਵੇਰੇ ਦੋ ਵਾਰ ਬਨੰਦੀ ਹੈ:
  9:00 ਵਜੇ ਆਸਾ ਦੀ ਵਾਰ ਦੇ ਭੋਗ ਲਈ
  10:30 ਵਜੇ ਕੀਰਤਨ ਦੀਵਾਨ ਦੀਆਂ ਸੰਗਤਾਂ ਲਈ।
  ਚਾਹ ਦੇ ਨਾਲ ਇਕ ਮਿਠੀ ਅਤੇ ਇਕ ਨਮਕੀਨ ਸਨੈਕ ਰਖੋ ਜੀ।

- ਬਚਿਆਂ ਵਾਸਤੇ ਚਾਕਲੇਟ ਮਿਲਕ ਜਾਂ ਪਲੇਨ ਮਿਲਕ ਅਤੇ ਔਰੇਜ ਜੂਸ ਰਖੋ ਜੀ ।

- ਚਾਹ 12:00 ਵਜੇ ਸਾਈਡ ਦੇ ਕਾਉਂਟਰ ਤੇ ਰਖ ਦਿਤੀ ਜਾਵੇ ਅਤੇ 12:30 ਤਕ ਕਲੀਅਰ ਕਰੋ ਤਾਂ ਕੇ ਸੰਗਤਾਂ ਸ਼ਬਦ ਕੀਰਤਨ ਦਾ ਅੰਨਦ ਮਾਨ ਸਕਨ।

ਸਾਦੇ ਲੰਗਰ ਦੀ ਉਧਾਰਨ ਹੇਠ ਲਿਖੀ ਹੈ-
ਇਕ ਦਾਲ ਜਾਂ ਛੋਲੇ ਜਾਂ ਰਾਜਮਾਹ ਜਾਂ ਕੜੀ, ਇਕ ਸਬਜੀ, ਰੈਤਾ, ਚਾਵਲ, ਪਰਸ਼ਾਦੇ ਅਤੇ ਇਕ ਮਿਠੀ ਚੀਜ।

- ਲੰਗਰ ਪਕਾਨਾ ਸਵੇਰੇ 7:00/7:30 ਜਲਦੀ ਸ਼ੁਰੂ ਕਰੋ ਜੀ ਤਾ ਕੀ ਵਕਤ ਸਿਰ ਲੰਗਰ ਪਕ ਜਾਵੇ। ਪਰਸ਼ਾਦਿਆ ਵਾਸਤੇ ਜੇਕਰ 6-7 ਬੰਦੇ ਮਦਦ ਲਈ ਹੋਨ ਤਾਂ ਠੀਕ ਰਹਿੰਦਾ ਹੈ ਜੀ। ਪਰਸ਼ਾਦਿਆਂ ਦਾ ਕੰਮ 10:30 ਵਜੇ ਤਕ ਸ਼ੁਰੂ ਕਰ ਲਵੋ। ਮੈਨਜਮੈਂਟ ਦੀ ਪੂਰੀ ਕੋਸ਼ਿਸ਼ ਹੈ ਕਿ ਸਾਰੀਆਂ ਸੰਗਤਾਂ ਕੀਰਤਨ ਵੇਲੇ ਕੀਰਤਨ ਦਾ ਰਸ ਮਾਨਣ ਅਤੇ ਲੰਗਰ ਟਾਈਮ ਗੁਰੂ ਕਾ ਲੰਗਰ ਛਕਣ।
-
- ਲੰਗਰ ਦੀ ਥਾਲੀ 12:00 ਵਜੇ ਤੋਂ ਪਹਿਲਾਂ ਭੋਗ ਲਈ ਉਪਰ ਭੇਜੀ ਜਾਵੇ ਜੀ।

# ਗੁਰਦਵਾਰਾ ਸਾਹਿਬ ਆਫ ਸਾਉਥਵੈਸਟ ਹਉਸਟਨ ਲੰਗਰ ਗਾਈਡਲਾਈਨਜ਼

**01/29/16**

## ਬਚਿਆ ਹੋਇਆ (ਲੈਫਟਔਵਰ) ਲੰਗਰ

- ❖ ਸੰਗਤ ਨੂੰ ਬੇਨਤੀ ਹੈ ਜਦ ਤਕ ਸਾਰੀ ਸੰਗਤ ਲੰਗਰ ਨਾਂ ਛਕ ਲਵੇ ਉਦੋਂ ਤਕ ਲੰਗਰ ਘਰ ਲਿਜਾਨ ਵਾਸਤੇ ਨਾਂ ਵੰਡਿਆ ਜਾਵੇ।
- ❖ ਬਚਿਆ ਹੋਇਆ (ਲੈਫਟਔਵਰ) ਲੰਗਰ ਜ਼ਿਪਲਾਕ ਬੈਗਜ (Ziplock bags) ਜਾਂ ਪਲਾਸਟਿਕ ਦੇ ਡਬਿਆਂ ਵਿਚ ਹੀ ਪਾ ਕੇ ਵੰਡਿਆ ਜਾਵੇ ਜੀ, GSSWH ਦੇ ਭਾਂਡਿਆਂ ਵਿਚ ਨਹੀ। ਕੁਝ ਲੰਗਰ ਡਰਿਜ ਵਿਚ ਆਉਣ ਵਾਲੀਆਂ ਸੰਗਤਾਂ ਲਈ ਰਖਿਆ ਜਾਵੇ।

## ਰਸੋਈ ਅਤੇ ਲੰਗਰ ਹਾਲ ਦੀ ਸਫਾਈ

- ❖ ਸਾਰੇ ਬਰਤਨ ਚੰਗੀ ਤਰਾਂ ਸਾਫ ਕਰ ਕੇ ਠੀਕ ਥਾਂ ਤੇ ਟਿਕਾ ਦਿਤੇ ਜਾਣ।
- ❖ ਰਸੋਚੀ ਦੇ ਸਾਰੇ ਕਾਊਂਟਰ ਚੰਗੀ ਤਰਾਂ ਸਾਫ ਕੀਤੇ ਜਾਣ।
- ❖ ਸਾਰੀਆਂ ਅਪਲਾਂਇਸਿਜ ਚੰਗੀ ਤਰਾਂ ਸਾਫ ਕੀਤੀਆਂ ਜਾਣ।
- ❖ ਫਰਿਜ ਵੀ ਚੰਗੀ ਤਰਾਂ ਸਾਫ ਕੀਤਾ ਜਾਵੇ। ਦੁਧ, ਮਖਣ ਅਤੇ ਕੁਝ ਲੰਗਰ ਤੇ ਸਿਵਾ ਫਰਿਜ ਵਿਚ ਕੁਝ ਨਾਂ ਛਡਿਆ ਜਾਵੇ। ਵਡੇ ਬਰਤਨ ਅਤੇ ਬਾਲਟੀਆਂ ਫਰਿਜ ਵਿਚ ਨਾਂ ਛਡੀਆਂ ਜਾਣ।
- ❖ ਰਸੋਈ ਅਤੇ ਲੰਗਰ ਹਾਲ ਦੇ ਫਰਸ਼ ਸਾਫ ਕੀਤੇ ਜਾਣ।
- ❖ ਸਾਰੇ ਬਰਨਰ, ਪਰਸ਼ਾਦਿਆਂ ਦੀ ਲੌਂ, ਵਾਰਮਰ, ਏਗਜਾਸਟ ਫੈਨ ਅਤੇ ਬਤੀਆਂ ਜਾਣ ਤੋ ਪਹਿਲਾਂ ਬੰਦ ਕੀਤੀਆਂ ਜਾਣ।

## ਕਚਰਾ (Trash) ਅਤੇ ਲਾਂਡਰੀ (Laundry)

- ❖ ਲੰਗਰ ਹਾਲ ਅਤੇ ਕਿਚਨ ਦੇ ਸਾਰੇ ਟਰੈਸ਼ ਬੈਗ ਨਵੇ ਪਾਏ ਜਾਣ ਅਤੇ ਭਰੇ ਹੋਏ ਟਰੈਸ਼ ਬੈਗ ਡੰਮਪਸਟਰ ਵਿਚ ਸੁਟੇ ਜਾਣ।
- ❖ ਗੰਦੇ ਤੌਲੀਏ ਅਤੇ ਏਪਰਨ ਲਾਂਡਰੀ ਬਾਸਕਿਟ ਵਿਚ ਪਾ ਦਿਤੇ ਜਾਣ।

**ਗੁਰਦਵਾਰਾ ਸਾਹਿਬ ਦਾ ਕੋਈ ਵੀ ਭਾਂਡਾ ਜਾਂ ਬਰਤਨ ਗੁਰਦਵਾਰੇ ਤੌਂ ਬਾਹਰ ਲੈ ਕੇ ਨਹੀ ਜਾ ਸਕਦੇ!**

**ਲੰਗਰ ਬਾਰੇ ਕੋਈ ਸਵਾਲ ??**

**ਸ. ਭਜਨ ਸਿੰਘ ਦੁਲੇ C: 832-867-5467**